# ਮੌਡਿਊਲ 9 - ਆਪਣੇ ਆਪ ਨੂੰ ਦਵਾਈਆਂ ਦੇਣਾ
# Module 9 – Giving Yourself Medications

ਇਹ ਭਾਗ ਇਸ ਬਾਰੇ ਵਿਚਾਰ-ਵਟਾਂਦਰਾ ਕਰੇਗਾ ਕਿ ਡਾਇਐਲਿਸਿਸ ਦੌਰਾਨ ਦਵਾਈਆਂ ਕਿਵੇਂ ਦਿੱਤੀਆਂ ਜਾਣੀਆਂ ਹਨ।

## ਈਪ੍ਰੈਕਸ® ਜਾਂ ਐਰਾਨੈਸਪ® EPREX® or ARANESP®

**1. ਆਪਣੀ ਦਵਾਈ ਤਿਆਰ ਕਰੋ**

- ਦਵਾਈ ਦੀ ਜਾਂਚ ਕਰੋ (ਸਹੀ ਦਵਾਈ, ਸਹੀ ਖੁਰਾਕ, ਮਿਆਦ ਪੁੱਗਣ ਦੀ ਤਾਰੀਖ਼)

**2. ਦਵਾਈ ਦਾ ਟੀਕਾ ਲਗਾਉਣਾ**

ਜੇ ਤੁਸੀਂ ਖ਼ੂਨ ਦੀ ਲਾਈਨ ਵਿੱਚ ਦਵਾਈ ਦਾ ਟੀਕਾ ਲਗਾ ਰਹੇ ਹੋ:
a) ਮੈਡੀਕੇਸ਼ਨ ਪੋਰਟ ਦੀ ਪਛਾਣ ਕਰੋ
b) ਮੈਡੀਕੇਸ਼ਨ ਪੋਰਟ ਨੂੰ ਸਵੈਬ ਕਰੋ
c) ਜੇ ਤੁਹਾਡੀ ਮਸ਼ੀਨ ਦਾ ਢੱਕਣ ਹੈ ਤਾਂ ਢੱਕਣ ਹਟਾਓ
d) ਦਵਾਈ ਦਾ ਟੀਕਾ 3 ਸਕਿੰਟਾਂ ਵਿੱਚ ਹੌਲੀ-ਹੌਲੀ ਲਗਾਓ

**3. ਆਪਣੀ ਦਵਾਈ ਦੀ ਖੁਰਾਕ ਅਤੇ ਤਾਰੀਖ਼ ਨੂੰ ਆਪਣੇ ਰਨ ਲੌਗ ਜਾਂ ਕੈਲੰਡਰ 'ਤੇ ਰਿਕਾਰਡ ਕਰੋ।**

**ਨੋਟ ਕਰਨ ਲਈ ਮਹੱਤਵਪੂਰਨ:**

ਤੁਸੀਂ ਕਿਹੜੀ ਦਵਾਈ ਲੈ ਰਹੇ ਹੋ?

______________________________

ਦਵਾਈ ਦੀ ਖੁਰਾਕ:

______________________________

## ਆਪਣੇ ਆਪ ਨੂੰ ਆਇਰਨ ਦੇਣਾ Giving yourself iron

**ਸਾਮਾਨ:**

- 2 ਐਲਕੋਹਲ ਸਵੈਬ
- 1-10 ਮਿ.ਲਿ. ਸਰਿੰਜ
- 1-21 ਗੇਜ ਵਾਲੀ ਸੂਈ
- ਆਈ.ਵੀ. ਮੈਡੀਕੇਸ਼ਨ ਇਨਫਿਊਜ਼ਨ ਲਾਈਨ
- "Y" ਕਨੈਕਟਰ
- 100 ਮਿ.ਲਿ. ਸਧਾਰਨ ਸੈਲਾਈਨ ਮਿਨੀ ਬੈਗ
- ਤਜਵੀਜ਼ ਕੀਤਾ ਆਈ.ਵੀ. ਆਇਰਨ
- ਆਈ.ਵੀ. ਮੈਡੀਕੇਸ਼ਨ ਦਾ ਲੇਬਲ




**ਨੋਟ ਕਰਨ ਲਈ ਮਹੱਤਵਪੂਰਨ:**

ਮੈਂ ________ ਆਇਰਨ ਦੀ ਵਰਤੋਂ ਕਰਦਾ ਹਾਂ। ਮੈਂ ________ ਸ਼ੀਸ਼ੀਆਂ ਦੀ ਵਰਤੋਂ ਕਰਦਾ ਹਾਂ। ਮੇਰੀ ਖੁਰਾਕ ________ ਹੈ।

1. ਆਇਰਨ ਦੀ ਜਾਂਚ ਕਰੋ (ਸਹੀ ਦਵਾਈ, ਸਹੀ ਖੁਰਾਕ, ਮਿਆਦ ਪੁੱਗਣ ਦੀ ਤਾਰੀਖ਼)।
2. ਸਰਿੰਜ ਵਿੱਚ ਦਵਾਈ ਭਰੋ।
3. ਸੈਲਾਈਨ ਬੈਗ ਦੇ ਮੈਡੀਕੇਸ਼ਨ ਪੋਰਟ ਨੂੰ ਸਵੈਬ ਕਰੋ।
4. ਦਵਾਈ ਦਾ ਟੀਕਾ ਲਗਾਓ।
5. ਦਵਾਈ ਦੇ ਬੈਗ ਨੂੰ ਉਲਟਾ ਕਰੋ ਅਤੇ ਹਵਾ ਕੱਢੋ।
6. ਮੈਡੀਕੇਸ਼ਨ ਇਨਫਿਊਜ਼ਨ ਲਾਈਨ ਦੇ ਰੋਲਰ ਕਲੈਂਪ ਨੂੰ ਬੰਦ ਕਰੋ।
7. ਮੈਡੀਕੇਸ਼ਨ ਲਾਈਨ ਨੂੰ ਸਾਧਾਰਨ ਸੈਲਾਈਨ ਮਿਨੀ ਬੈਗ ਵਿੱਚ ਪਾ ਦਿਓ।
8. ਮੈਡੀਕੇਸ਼ਨ ਲਾਈਨ ਨੂੰ "Y" ਕਨੈਕਟਰ ਦੇ ਇੱਕ ਪਾਸੇ ਨਾਲ ਜੋੜੋ।
9. ਚੈਂਬਰ ਨੂੰ ਅੱਧਾ ਭਰ ਜਾਣ ਤੱਕ ਨਿਚੋੜੋ।
10. ਰੋਲਰ ਕਲੈਂਪ ਨੂੰ ਉਦੋਂ ਤੱਕ (ਹੌਲੀ-ਹੌਲੀ) ਖੋਲ੍ਹੋ ਜਦੋਂ ਤੱਕ ਦਵਾਈ "Y" ਕਨੈਕਟਰ ਦੇ ਅੰਤ 'ਤੇ ਨਹੀਂ ਪਹੁੰਚ ਜਾਂਦੀ।

11. ਰੋਲਰ ਕਲੈਂਪ ਅਤੇ "Y" ਕਨੈਕਟਰ 'ਤੇ ਕਲੈਂਪ ਬੰਦ ਕਰੋ।

12. ਦਵਾਈ ਦੇ ਲੇਬਲ ਨੂੰ ਮਿਨੀ ਬੈਗ ਨਾਲ ਜੋੜੋ।

## ਡਾਇਐਲਿਸਿਸ ਤੋਂ ਪਹਿਲਾਂ ਆਈ.ਵੀ. ਲਾਈਨ ਨੂੰ "Y" ਕਨੈਕਟਰ ਨਾਲ ਅਤੇ ਦਵਾਈ ਦੇ ਮਿਨੀ ਬੈਗ ਨੂੰ ਮਸ਼ੀਨ ਨਾਲ ਜੋੜੋ।

1. ਪੰਪ ਨੂੰ ਬੰਦ ਕਰੋ।
2. ਸੈਲਾਈਨ ਇਨਫਿਊਜ਼ਨ ਲਾਈਨ ਅਤੇ ਜੇਕਰ ਇਸ ਨੂੰ ਪਹਿਲਾਂ ਤੋਂ ਹੀ ਕਲੈਂਪ ਨਹੀਂ ਕੀਤਾ ਗਿਆ, ਤਾਂ ਆਰਟੀਰੀਅਲ ਇਨਫਿਊਜ਼ਨ ਲਾਈਨ ਕਲੈਂਪ ਨੂੰ ਕਲੈਂਪ ਕਰੋ।
3. ਸੈਲਾਈਨ ਇਨਫਿਊਜ਼ਨ ਲਾਈਨ ਨੂੰ ਧਿਆਨ ਨਾਲ ਵੱਖ ਕਰੋ ਅਤੇ ਇਸ ਨੂੰ "Y" ਕਨੈਕਟਰ ਦੇ ਖਾਲੀ ਵਾਲੇ ਪਾਸੇ ਨਾਲ ਜੋੜੋ।
4. ਸੈਲਾਈਨ ਇਨਫਿਊਜ਼ਨ ਪੋਰਟ ਨਾਲ "Y" ਕਨੈਕਟਰ ਦੇ ਅਖੀਰੀ ਸਿਰੇ ਨੂੰ ਜੋੜੋ।
5. **ਦਵਾਈ ਦੀ ਲਾਈਨ ਨੂੰ ਉਦੋਂ ਤਕ ਬੰਦ ਰੱਖੋ ਜਦੋਂ ਤਕ ਤੁਹਾਡਾ ਡਾਇਐਲਿਸਿਸ ਸ਼ੁਰੂ ਨਹੀਂ ਹੋ ਜਾਂਦਾ।**

## ਡਾਇਐਲਿਸਿਸ ਸ਼ੁਰੂ ਹੋਣ (ਅਤੇ ਪਹਿਲੀਆਂ ਜਾਂਚਾਂ ਪੂਰੀਆਂ ਹੋਣ) ਤੋਂ ਬਾਅਦ:

1. ਸੈਲਾਈਨ ਇਨਫਿਊਜ਼ਨ ਪੋਰਟ 'ਤੇ ਲੱਗੇ ਕਲੈਂਪ ਅਤੇ ਦਵਾਈ ਦੇ ਬੈਗ ਨਾਲ ਜੁੜੇ "Y" ਕਨੈਕਟਰ ਦੇ ਕਲੈਂਪ ਖੋਲ੍ਹੋ।
2. ਮੈਡੀਕੇਸ਼ਨ ਇਨਫਿਊਜ਼ਨ ਲਾਈਨ 'ਤੇ ਲੱਗੇ ਰੋਲਰ ਕਲੈਂਪ ਨੂੰ ਹੌਲੀ-ਹੌਲੀ ਖੋਲ੍ਹੋ।
3. ਆਇਰਨ ਇਨਫਿਊਜ਼ਨ ਲਾਈਨ ਨੂੰ ਇੱਕ ਬੂੰਦ ਪ੍ਰਤੀ ਸਕਿੰਟ ਦੀ ਰਫ਼ਤਾਰ 'ਤੇ ਚੱਲਣ ਦਿਓ। ਡਾਇਐਲਿਸਿਸ ਦੇ ਪਹਿਲੇ ਘੰਟੇ ਦੌਰਾਨ ਹੌਲੀ-ਹੌਲੀ ਦਿਓ।
4. ਆਇਰਨ ਇਨਫਿਊਜ਼ਨ ਪੂਰੀ ਹੋਣ 'ਤੇ ਮੈਡੀਕੇਸ਼ਨ ਰੋਲਰ ਕਲੈਂਪ ਨੂੰ ਬੰਦ ਕਰ ਦਿਓ ਅਤੇ ਜਿਸ "Y" ਕਨੈਕਟਰ ਨਾਲ ਇਹ ਜੁੜਿਆ ਹੋਇਆ ਹੈ, ਉਸ ਨੂੰ ਕਲੈਂਪ ਕਰ ਦਿਓ।
5. "Y" ਕਨੈਕਟਰ ਅਤੇ ਆਰਟੀਰੀਅਲ ਇਨਫਿਊਜ਼ਨ ਪੋਰਟ ਨੂੰ ਪੂਰੀ ਤਰ੍ਹਾਂ ਖਾਲੀ ਕਰਨ ਲਈ, ਸੈਲਾਈਨ ਇਨਫਿਊਜ਼ਨ ਲਾਈਨ ਕਲੈਂਪ ਨੂੰ ਥੋੜ੍ਹੇ ਸਮੇਂ ਲਈ ਖੋਲ੍ਹੋ।
6. ਸੈਲਾਈਨ ਇਨਫਿਊਜ਼ਨ ਲਾਈਨ ਅਤੇ ਸੈਲਾਈਨ ਇਨਫਿਊਜ਼ਨ ਪੋਰਟ ਨੂੰ ਕਲੈਂਪ ਕਰੋ।
7. ਆਪਣੇ ਦਵਾਈਆਂ ਦੇ ਲੌਗ ਜਾਂ ਕੈਲੰਡਰ ਵਿੱਚ ਆਇਰਨ ਨੂੰ ਰਿਕਾਰਡ ਕਰੋ।

## ਆਪਣੇ ਆਪ ਨੂੰ ਐਂਟੀਬਾਇਓਟਿਕਜ਼ ਦੇਣਾ Giving yourself antibiotics

**ਸਾਮਾਨ:**

- 2 ਐਲਕੋਹਲ ਸਵੈਬ
- 1- 10 ਮਿ.ਲਿ. ਸਰਿੰਜ
- 1-21 ਗੇਜ ਸੂਈ
- ਆਈ.ਵੀ. ਮੈਡੀਕੇਸ਼ਨ ਇਨਫਿਊਜ਼ਨ ਲਾਈਨ
- “Y” ਕਨੈਕਟਰ
- 100 ਮਿ.ਲਿ. ਸਧਾਰਨ ਸੈਲਾਈਨ ਮਿਨੀ ਬੈਗ
- ਤਜਵੀਜ਼ ਕੀਤੇ ਐਂਟੀਬਾਇਓਟਿਕ
- ਆਈ.ਵੀ. ਮੈਡੀਕੇਸ਼ਨ ਲੇਬਲ




1. ਐਂਟੀਬਾਇਓਟਿਕਜ਼ ਦੀ ਜਾਂਚ ਕਰੋ (ਸਹੀ ਦਵਾਈ, ਸਹੀ ਖੁਰਾਕ, ਮਿਆਦ ਪੁੱਗਣ ਦੀ ਤਾਰੀਖ਼)।
2. ਸਰਿੰਜ ਵਿੱਚ ਦਵਾਈ ਭਰੋ।
3. ਸੈਲਾਈਨ ਬੈਗ ਦੇ ਮੈਡੀਕੇਸ਼ਨ ਪੋਰਟ ਨੂੰ ਸਵੈਬ ਕਰੋ।
4. ਦਵਾਈ ਦਾ ਟੀਕਾ ਲਗਾਓ।
5. ਦਵਾਈ ਦੇ ਬੈਗ ਨੂੰ ਉਲਟਾ ਕਰੋ ਅਤੇ ਹਵਾ ਕੱਢੋ।
6. ਮੈਡੀਕੇਸ਼ਨ ਇਨਫਿਊਜ਼ਨ ਲਾਈਨ ਦੇ ਰੋਲਰ ਕਲੈਂਪ ਨੂੰ ਬੰਦ ਕਰੋ।
7. ਮੈਡੀਕੇਸ਼ਨ ਲਾਈਨ ਨੂੰ ਸਾਧਾਰਨ ਸੈਲਾਈਨ ਮਿਨੀ ਬੈਗ ਵਿੱਚ ਪਾ ਦਿਓ।
8. ਮੈਡੀਕੇਸ਼ਨ ਲਾਈਨ ਨੂੰ “Y” ਕਨੈਕਟਰ ਦੇ ਇੱਕ ਪਾਸੇ ਨਾਲ ਜੋੜੋ।
9. ਚੈਂਬਰ ਨੂੰ ਅੱਧਾ ਭਰ ਜਾਣ ਤੱਕ ਨਿਚੋੜੋ।
10. ਰੋਲਰ ਕਲੈਂਪ ਨੂੰ ਉਦੋਂ ਤੱਕ (ਹੌਲੀ-ਹੌਲੀ) ਖੋਲ੍ਹੋ ਜਦ ਤੱਕ ਦਵਾਈ "Y" ਕਨੈਕਟਰ ਦੇ ਅੰਤ 'ਤੇ ਨਹੀਂ ਪਹੁੰਚ ਜਾਂਦੀ।
11. ਰੋਲਰ ਕਲੈਂਪ ਅਤੇ "Y" ਕਨੈਕਟਰ 'ਤੇ ਕਲੈਂਪ ਬੰਦ ਕਰੋ।
12. ਦਵਾਈ ਦੇ ਲੇਬਲ ਨੂੰ ਮਿਨੀ ਬੈਗ ਨਾਲ ਜੋੜੋ।

## CV ਐਸਿਡ ਦੇ ਜੱਗ ਵਿੱਚ ਫੌਸਫੇਟ ਨੂੰ ਸ਼ਾਮਲ ਕਰਨਾ

## Adding phosphate to an acid jug

**1. ਦਵਾਈ ਤਿਆਰ ਕਰੋ।**

- ਦਵਾਈ ਦੀ ਜਾਂਚ ਕਰੋ (ਸਹੀ ਦਵਾਈ, ਸਹੀ ਖੁਰਾਕ, ਮਿਆਦ ਪੁੱਗਣ ਦੀ ਤਾਰੀਖ਼)।
- ਟਿਪ ਨੂੰ ਖੋਲ੍ਹੋ।
- ਤਜਵੀਜ਼ ਕੀਤੀ ਮਾਤਰਾ ਨੂੰ ਦਵਾਈ ਦੇ ਕੱਪ ਵਿੱਚ ਮਾਪੋ।

**2. ਡਾਇਐਲਿਸੇਟ ਜੱਗ ਵਿੱਚ ਸ਼ਾਮਲ ਕਰੋ।**

- ਪੂਰੇ ਜੱਗ ਵਿੱਚ ਪਾਓ।
- ਦੁਬਾਰਾ ਢੱਕਣ ਲਗਾਓ ਅਤੇ ਹਿਲਾਓ।

**3. ਜੱਗ ਨੂੰ ਮਸ਼ੀਨ ਨਾਲ ਜੋੜੋ ਅਤੇ ਡਾਇਐਲਿਸਿਸ ਦੀ ਤਿਆਰੀ ਸ਼ੁਰੂ ਕਰੋ।**

**ਨੋਟ ਕਰਨ ਲਈ ਮਹੱਤਵਪੂਰਨ:**
ਮੈਂ ਆਪਣੇ ਐਸਿਡ ਦੇ ਜੱਗ ਵਿੱਚ _______ ਮਿ.ਲਿ. ਸ਼ਾਮਲ ਕਰਦਾ ਹਾਂ।

- ਫੌਸਫੇਟ ਏਨੀਮਾ ਨੂੰ ਡਾਇਐਲਿਸਿਸ ਦੇ ਲਈ ਇੱਕ ਫੌਸਫੋਰਸ ਯੋਜਕ ਦੇ ਤੌਰ 'ਤੇ ਵਰਤਿਆ ਜਾਂਦਾ ਹੈ।
- ਇੱਕ ਵਾਰ ਖੋਲ੍ਹੇ ਜਾਣ 'ਤੇ ਫੌਸਫੇਟ ਏਨੀਮਾ ਨੂੰ ਕਈ ਟ੍ਰੀਟਮੈਂਟਾਂ ਲਈ ਵਰਤਿਆ ਜਾ ਸਕਦਾ ਹੈ।
- ਇਹ ਯਕੀਨੀ ਬਣਾਓ ਕਿ ਤੁਸੀਂ ਡਾਇਐਲਿਸੇਟ ਦੇ ਪੂਰੇ ਜੱਗ ਨਾਲ ਸ਼ੁਰੂ ਕਰੋ।
- ਕੰਡਕਟੀਵਿਟੀ ਅਲਾਰਮਾਂ ਤੋਂ ਬਚਣ ਲਈ ਚੰਗੀ ਤਰ੍ਹਾਂ ਮਿਕਸ ਕਰੋ।
- ਕਿਰਪਾ ਕਰਕੇ ਪੰਨਾ ਨੰਬਰ ________ 'ਤੇ ਮਸ਼ੀਨ ਫਲਿੱਪ ਚਾਰਟ ਨੂੰ ਦੇਖੋ।

## CV ਐਸਿਡ ਦੇ ਜੱਗ ਵਿੱਚ ਕੈਲਸ਼ੀਅਮ ਨੂੰ ਸ਼ਾਮਲ ਕਰਨਾ (ਰਵਾਇਤੀ ਮਸ਼ੀਨਾਂ ਵਾਸਤੇ) Adding calcium to an acid jug (for conventional machines)

**1. ਦਵਾਈ ਤਿਆਰ ਕਰੋ।**

- ਦਵਾਈ ਦੀ ਜਾਂਚ ਕਰੋ (ਸਹੀ ਦਵਾਈ, ਸਹੀ ਖੁਰਾਕ, ਮਿਆਦ ਪੁੱਗਣ ਦੀ ਤਾਰੀਖ਼)।
- ਪੈਕੇਜ ਖੋਲ੍ਹੋ ।
- ਤਜਵੀਜ਼ ਕੀਤੀ ਮਾਤਰਾ ਨੂੰ ਦਵਾਈ ਦੇ ਕੱਪ ਵਿੱਚ ਮਾਪੋ।

**2. ਡਾਇਐਲਿਸੇਟ ਜੱਗ ਵਿੱਚ ਪਾਓ।**

- ਪੂਰੇ ਜੱਗ ਵਿੱਚ ਪਾਓ।
- ਦੁਬਾਰਾ ਢੱਕਣ ਲਗਾਓ ਅਤੇ ਹਿਲਾਓ।

**3. ਜੱਗ ਨੂੰ ਮਸ਼ੀਨ ਨਾਲ ਜੋੜੋ ਅਤੇ ਡਾਇਐਲਿਸਿਸ ਦੀ ਤਿਆਰੀ ਸ਼ੁਰੂ ਕਰੋ।**

**ਨੋਟ ਕਰਨ ਲਈ ਮਹੱਤਵਪੂਰਨ:**
ਮੈਂ ਆਪਣੇ ਐਸਿਡ ਦੇ ਜੱਗ ਵਿੱਚ ______ ਮਿ.ਲਿ. ਸ਼ਾਮਲ ਕਰਦਾ ਹਾਂ।

- ਇਹ ਯਕੀਨੀ ਬਣਾਓ ਕਿ ਤੁਸੀਂ ਡਾਇਐਲਿਸੇਟ ਦੇ ਪੂਰੇ ਜੱਗ ਨਾਲ ਸ਼ੁਰੂ ਕਰੋ।
- ਕੰਡਕਟੀਵਿਟੀ ਅਲਾਰਮਾਂ ਤੋਂ ਬਚਣ ਲਈ ਚੰਗੀ ਤਰ੍ਹਾਂ ਮਿਕਸ ਕਰੋ।
- ਕਿਰਪਾ ਕਰਕੇ ਪੰਨਾ ਨੰਬਰ ________ 'ਤੇ ਮਸ਼ੀਨ ਫਲਿੱਪ ਚਾਰਟ ਨੂੰ ਦੇਖੋ।

# ਨੋਟਸ- ਆਪਣੇ ਆਪ ਨੂੰ ਦਵਾਈਆਂ ਦੇਣਾ
# Notes- Giving Yourself Medications